# ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕ: ਤੁਹਾਨੂੰ ਕੀ ਜਾਣਨ ਦੀ ਲੋੜ ਹੈ

BRITISH COLUMBIA

ਇਹ ਤੱਥ ਸ਼ੀਟ ਬੀ ਸੀ ਵਿਚਲੇ ਮਨੁੱਖੀ ਹੱਕਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਆਪਣੀ ਹਾਲਤ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਨਾਲ ਸੰਪਰਕ ਕਰੋ। ਸੰਪਰਕ ਕਰਨ ਬਾਰੇ ਜਾਣਕਾਰੀ ਇਸ ਤੱਥ ਸ਼ੀਟ ਦੇ ਅੰਤ 'ਤੇ ਦਿੱਤੀ ਗਈ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਮਨੁੱਖੀ ਹੱਕਾਂ ਦੀ ਰੱਖਿਆ ਅਤੇ ਹਿਮਾਇਤ ਕਰਨ ਲਈ ਕਾਨੂੰਨ ਹੈ। ਇਸ ਨੂੰ *ਬੀ ਸੀ ਹਿਊਮਨ ਰਾਈਟਸ ਕੋਡ* ਜਾਂ *ਕੋਡ* ਆਖਿਆ ਜਾਂਦਾ ਹੈ। ਬੀ ਸੀ ਵਿਚ, *ਕੋਡ* ਤੁਹਾਨੂੰ ਵਿਤਕਰੇ ਅਤੇ ਪਰੇਸ਼ਾਨ ਕੀਤੇ ਜਾਣ ਤੋਂ ਹਿਫਾਜ਼ਤ ਕਰਨ ਵਿਚ ਮਦਦ ਕਰਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਇਹ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਸ਼ਿਕਾਇਤ ਕਰਨ ਦੀ ਆਗਿਆ ਦਿੰਦਾ ਹੈ।

ਜੇ ਤੁਸੀਂ ਕੋਈ ਸ਼ਿਕਾਇਤ ਕਰਦੇ ਹੋ, ਜਾਂ ਸ਼ਿਕਾਇਤ ਕਰਨ ਬਾਰੇ ਸੋਚ ਰਹੇ ਹੋ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਵਿਚ ਸ਼ਾਮਲ ਹੋ ਤਾਂ *ਕੋਡ* **ਬਦਲਾ** ਲਏ ਜਾਣ ਤੋਂ ਵੀ ਤੁਹਾਡੀ ਰੱਖਿਆ ਕਰਦਾ ਹੈ। ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਤੁਹਾਨੂੰ ਸਬਕ ਸਿਖਾਉਂਦਾ ਹੈ ਤਾਂ ਇਹ **ਬਦਲਾ** ਹੈ।

## ਮੇਰੀ ਰੱਖਿਆ ਕਿਵੇਂ ਹੁੰਦੀ ਹੈ?

ਬੀ ਸੀ ਵਿਚ, ਤੁਸੀਂ *ਹਿਊਮਨ ਰਾਈਟਸ ਕੋਡ* ਹੇਠ ਸੁਰੱਖਿਅਤ ਹੋ ਜੇ ਇਹ ਕੋਡ ਹੇਠਲੀ ਕਿਸੇ ਨਿੱਜੀ ਵਿਸ਼ੇਸ਼ਤਾ ਹੇਠ ਹੈ। ਰੱਖਿਆ ਵਾਲੀਆਂ ਵਿਸ਼ੇਸ਼ਤਾਵਾਂ ਹੇਠਾਂ ਦੱਸੀਆਂ ਗਈਆਂ ਹਨ।

ਬੀ ਸੀ ਵਿਚ ਕਿਸੇ ਵਿਅਕਤੀ ਨਾਲ ਇਨ੍ਹਾਂ ਗੱਲਾਂ ਕਰਕੇ ਵਿਤਕਰਾ ਕਰਨਾ ਜਾਂ ਉਸ ਨੂੰ ਪਰੇਸ਼ਾਨ ਕਰਨਾ ਕਾਨੂੰਨ ਦੇ ਵਿਰੁੱਧ ਹੈ:

- ਨਸਲ, ਰੰਗ, ਪਿਛੋਕੜ, ਜਨਮ ਸਥਾਨ
- ਧਰਮ
- ਵਿਆਹੁਤਾ ਸਥਿਤੀ
- ਪਰਿਵਾਰਕ ਦਰਜਾ (ਪ੍ਰਾਪਰਟੀ ਖਰੀਦਣ 'ਤੇ ਲਾਗੂ ਨਹੀਂ ਹੁੰਦਾ)
- ਸਰੀਰਕ ਜਾਂ ਮਾਨਸਿਕ ਅਪਾਹਜਤਾ
- ਸੈਕਸ (ਇਸ ਵਿਚ ਮਰਦ, ਔਰਤ, ਦੁਲਿੰਗੀ ਜਾਂ ਟ੍ਰਾਂਸਜੈਂਡਰ ਹੋਣਾ ਸ਼ਾਮਲ ਹੈ। ਇਸ ਵਿਚ ਗਰਭਵਤੀ, ਬੱਚੇ ਨੂੰ ਦੁੱਧ ਚੁੰਘਾਉਂਦੇ ਹੋਣਾ, ਅਤੇ ਕਾਮੁਕ ਪਰੇਸ਼ਾਨੀ ਵੀ ਸ਼ਾਮਲ ਹੈ)
- ਕਾਮੁਕ ਰੁਚੀ (ਹੈਟਰੋਸੈਕਸੂਅਲ, ਗੇਅ, ਲੈਜ਼ਬੀਅਨ ਜਾਂ ਬਾਇਸੈਕਸੂਅਲ)
- ਉਮਰ (19 ਸਾਲ ਅਤੇ ਜ਼ਿਆਦਾ, ਪ੍ਰਾਪਰਟੀ ਖਰੀਦਣ 'ਤੇ ਲਾਗੂ ਨਹੀਂ ਹੁੰਦੀ)
- ਮੁਜਰਮਾਨਾ ਦੋਸ਼ ਸਿੱਧੀ (ਸਿਰਫ ਰੁਜ਼ਗਾਰ 'ਤੇ ਲਾਗੂ ਹੁੰਦੀ ਹੈ)
- ਰਾਜਨੀਤਕ ਖਿਆਲ (ਸਿਰਫ ਰੁਜ਼ਗਾਰ 'ਤੇ ਲਾਗੂ ਹੁੰਦਾ ਹੈ)
- ਆਮਦਨ ਦਾ ਕਾਨੂੰਨੀ ਸ੍ਰੋਤ (ਸਿਰਫ ਕਿਰਾਏਦਾਰੀ 'ਤੇ ਲਾਗੂ ਹੁੰਦਾ ਹੈ)

## *ਕੋਡ* ਕਿੱਥੇ ਲਾਗੂ ਹੁੰਦਾ ਹੈ?

*ਕੋਡ* ਬੀ ਸੀ ਦੇ ਸਾਰੇ ਕਾਰੋਬਾਰਾਂ, ਏਜੰਸੀਆਂ ਅਤੇ ਸੇਵਾਵਾਂ 'ਤੇ ਲਾਗੂ ਹੁੰਦਾ ਹੈ ਪਰ ਇਸ ਵਿਚ ਫੈਡਰਲ ਸਰਕਾਰ ਦੇ ਨਿਯਮਾਂ ਹੇਠ ਆਉਂਦੇ ਕਾਰੋਬਾਰ, ਏਜੰਸੀਆਂ ਅਤੇ ਸੇਵਾਵਾਂ ਸ਼ਾਮਲ ਨਹੀਂ ਹਨ। ਇਹ ਲੋਕਾਂ ਦੀ ਅੱਗੇ ਦਿੱਤੀਆਂ ਹਾਲਤਾਂ ਵਿਚ ਵਿਤਕਰੇ ਤੋਂ ਰੱਖਿਆ ਕਰਦਾ ਹੈ ਜਿਵੇਂ ਕਿ ਕੰਮ 'ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਲੈਂਡਲਾਰਡ ਅਤੇ ਕਿਰਾਏਦਾਰ ਵਿਚਕਾਰ।

ਇਹ ਲੋਕਾਂ ਦੀ ਛਪੀਆਂ ਲਿਖਤਾਂ ਵਿਚ ਵਿਤਕਰੇ ਤੋਂ ਰੱਖਿਆ ਕਰਦਾ ਹੈ। ਇਹ ਕੰਮ, ਕਿਰਾਏਦਾਰੀ ਅਤੇ ਪ੍ਰਾਪਰਟੀ ਖਰੀਦਣ ਵਰਗੇ ਖੇਤਰਾਂ ਵਿਚ ਵੀ ਲੋਕਾਂ ਦੀ ਰੱਖਿਆ ਕਰਦਾ ਹੈ।

## ਵਿਤਕਰਾ ਕੀ ਹੈ?

ਬ੍ਰਿਟਿਸ਼ ਕੋਲੰਬੀਆ ਵਿਚ ਇਹ ਵਿਤਕਰਾ ਹੈ ਜੇ ਤੁਹਾਡੀ ਕਿਸੇ ਨਿੱਜੀ ਵਿਸ਼ੇਸ਼ਤਾ ਕਰਕੇ ਤੁਹਾਡੇ ਨਾਲ ਮਾੜਾ ਵਰਤਾਉ ਕੀਤਾ ਗਿਆ ਹੈ ਜਾਂ ਤੁਹਾਨੂੰ ਕੋਈ ਲਾਭ ਦੇਣ ਤੋਂ ਨਾਂਹ ਕੀਤੀ ਗਈ ਹੈ।

### ਵਿਤਕਰੇ ਦੀਆਂ ਉਦਾਹਰਣਾਂ

- ਕਿਸੇ ਔਰਤ ਨੂੰ ਇਸ ਕਰਕੇ ਕੰਮ ਤੋਂ ਹਟਾਉਣਾ ਕਿਉਂਕਿ ਉਹ ਗਰਭਵਤੀ ਹੈ
- ਕਿਸੇ ਜੋੜੇ ਨੂੰ ਕੋਈ ਅਪਾਰਟਮੈਂਟ ਕਿਰਾਏ 'ਤੇ ਦੇਣ ਤੋਂ ਨਾਂਹ ਕਰਨਾ ਕਿਉਂਕਿ ਉਹ ਗੇਅ ਹੈ
- ਕਿਸੇ ਦੀ ਸਰੀਰਕ ਜਾਂ ਮਾਨਸਿਕ ਅਪਾਹਜਤਾ ਕਰਕੇ ਉਸ ਨੂੰ ਕੰਮ 'ਤੇ ਰੱਖਣ ਤੋਂ ਨਾਂਹ ਕਰਨਾ
- ਕਿਸੇ ਔਰਤ ਨੂੰ ਮਰਦ ਨਾਲੋਂ ਘੱਟ ਤਨਖਾਹ ਦੇਣਾ ਜਿਹੜੀ ਕਿ ਮਰਦ ਦੀ ਤਰ੍ਹਾਂ ਦਾ ਹੀ ਕੰਮ ਕਰ ਰਹੀ ਹੈ
- ਵਿਅਕਤੀ ਦੀ ਉਮਰ ਕਰਕੇ ਕਿਸੇ ਮੁਲਾਜ਼ਮ ਨੂੰ ਰਿਟਾਇਰ ਹੋਣ ਲਈ ਮਜਬੂਰ ਕਰਨਾ

## ਪਰੇਸ਼ਾਨ ਕਰਨਾ ਕੀ ਹੈ?

ਪਰੇਸ਼ਾਨ ਕਰਨਾ (ਹੈਰਾਸਮੈਂਟ) ਵਿਤਕਰੇ ਦਾ ਇਕ ਰੂਪ ਹੈ। ਇਹ ਕੋਈ ਸ਼ਬਦ ਜਾਂ ਐਕਸ਼ਨ ਹੋ ਸਕਦੇ ਹਨ ਜਿਹੜੇ ਤੁਹਾਡਾ ਦਿਲ ਦੁਖਾ ਸਕਦੇ ਹਨ ਜਾਂ ਤੁਹਾਨੂੰ ਜ਼ਲੀਲ ਕਰ ਸਕਦੇ ਹਨ। ਇਹ ਪਰੇਸ਼ਾਨ ਕਰਨਾ (ਹੈਰਾਸਮੈਂਟ) ਹੈ ਜਦੋਂ ਕੋਈ ਵਾਰ ਵਾਰ ਤੁਹਾਨੂੰ ਅਜਿਹੀਆਂ ਗੱਲਾਂ ਕਹਿੰਦਾ ਹੈ ਜਾਂ ਕੋਈ ਅਜਿਹੀਆਂ ਚੀਜ਼ਾਂ ਕਰਦਾ ਹੈ ਜਿਹੜੀਆਂ ਅਪਮਾਨ ਕਰਨ ਵਾਲੀਆਂ ਅਤੇ ਘਿਰਣਾ ਵਾਲੀਆਂ ਹਨ। *ਕੋਡ* ਉਦੋਂ ਤੁਹਾਡੀ ਰੱਖਿਆ ਕਰਦਾ ਹੈ ਜਦੋਂ ਪਰੇਸ਼ਾਨ ਕਰਨਾ "ਮੇਰੀ ਰੱਖਿਆ ਕਿਵੇਂ ਹੁੰਦੀ ਹੈ" ਅਧੀਨ ਰੱਖਿਆ ਵਾਲੀ ਵਿਸ਼ੇਸ਼ਤਾ 'ਤੇ ਆਧਾਰਿਤ ਹੁੰਦਾ ਹੈ। ਪਰੇਸ਼ਾਨ ਕਰਨ ਦੀਆਂ ਕਈ ਕਿਸਮਾਂ ਹਨ।

### ਪਰੇਸ਼ਾਨ ਕਰਨ ਦੀਆਂ ਉਦਾਹਰਣਾਂ

- ਅਣਚਾਹੇ ਕਾਮੁਕ ਸੁਝਾਅ ਜਾਂ ਬੇਨਤੀਆਂ
- ਅਣਚਾਹੀ ਛੋਹ ਜਾਂ ਸਰੀਰਕ ਸੰਪਰਕ
- ਝਾਕਣਾ ਜਾਂ ਕਿਸੇ ਦੇ ਸਰੀਰ ਬਾਰੇ ਅਣਚਾਹੀਆਂ ਟਿੱਪਣੀਆਂ ਕਰਨਾ
- ਲਿੰਗ, ਕਾਮਕ ਰੁਚੀ ਨੂੰ ਆਧਾਰ ਬਣਾ ਕੇ ਮਖੌਲ ਕਰਨਾ ਜਾਂ ਨਸਲੀ ਲੇਬਲ ਲਾਉਣਾ
- ਅਜਿਹੀਆਂ ਟਿੱਪਣੀਆਂ ਕਰਨਾ ਜਿਹੜੀਆਂ ਲੋਕਾਂ ਦਾ ਉਨ੍ਹਾਂ ਦੇ ਸੈਕਸ, ਗਰਭ, ਨਸਲ ਜਾਂ ਸਰੀਰਕ ਜਾਂ ਮਾਨਸਿਕ ਅਪਾਹਜਤਾ ਕਰਕੇ ਮਖੌਲ ਉਡਾਉਂਦੀਆਂ ਹੋਣ ਜਾਂ ਅਪਮਾਨ ਕਰਦੀਆਂ ਹੋਣ

## ਡਿਊਟੀ ਟੂ ਅਕੋਮੋਡੇਟ ਕੀ ਹੈ?

ਕੰਮ-ਮਾਲਕ, ਲੈਂਡਲਾਰਡ ਅਤੇ ਪਬਲਿਕ ਨੂੰ ਕਿਸੇ ਤਰ੍ਹਾਂ ਦੀ ਸਰਵਿਸ ਪ੍ਰਦਾਨ ਕਰਨ ਵਾਲੇ ਲੋਕਾਂ ਲਈ *ਕੋਡ* ਹੇਠ ਰੱਖਿਆ ਵਾਲੀਆਂ ਨਿੱਜੀ ਵਿਸ਼ਸ਼ਤਾਵਾਂ ਨੂੰ ਥਾਂ ਦੇਣ ਲਈ ਪੂਰੀ ਕੋਸ਼ਿਸ਼ ਕਰਨਾ ਜ਼ਰੂਰੀ ਹੈ। ਇਸ ਨੂੰ **ਡਿਊਟੀ ਟੂ ਅਕੋਮੋਡੇਟ** ਆਖਿਆ ਜਾਂਦਾ ਹੈ। ਸਹੂਲਤ ਦੇਣਾ ਖਾਸ ਹਾਲਤ 'ਤੇ ਨਿਰਭਰ ਕਰੇਗਾ।

ਉਦਾਹਰਣ ਲਈ, ਕਿਸੇ ਕੰਮ-ਮਾਲਕ ਨੂੰ ਇਹ ਕਰਨ ਦੀ ਲੋੜ ਹੋ ਸਕਦੀ ਹੈ:

- ਕਿਸੇ ਨੂੰ ਜ਼ਿਆਦਾ ਟਰੇਨਿੰਗ ਦੇਣ ਦੀ
- ਕੰਮ ਦਾ ਟਾਈਮ ਟੇਬਲ ਅਡਜਸਟ ਕਰਨ ਦੀ
- ਸਾਜ਼-ਸਾਮਾਨ ਵਿਚ ਸੋਧ ਕਰਨ ਜਾਂ ਖਰੀਦਣ ਦੀ
- ਕਿਸੇ ਮੁਲਾਜ਼ਮ ਦੇ ਕੰਮਾਂ ਵਿਚ ਤਬਦੀਲੀ ਕਰਨ ਦੀ

BRITISH COLUMBIA

**ਡਿਊਟੀ ਟੂ ਅਕੋਮੋਡੇਟ** ਦਾ ਇਹ ਮਤਲਬ ਵੀ ਹੈ ਕਿ ਕਿਸੇ ਨੀਤੀ, ਵਿਹਾਰ ਜਾਂ ਸਰਵਿਸ ਨੂੰ ਅਡਜਸਟ ਕਰਨ ਦਾ ਕਾਨੂੰਨੀ ਫਰਜ਼ ਹੈ। ਉਦਾਹਰਣ ਲਈ ਕਿਸੇ ਬਜ਼ੁਰਗ ਵਿਅਕਤੀ ਦੀਆਂ ਲੋੜਾਂ ਇਹ ਮੰਗ ਕਰ ਸਕਦੀਆਂ ਹਨ ਕਿ ਉਸ ਵਿਅਕਤੀ ਦੀ ਉਮਰ ਕਰਕੇ ਚੀਜ਼ਾਂ ਕਰਨ ਦੇ ਆਮ ਤਰੀਕੇ ਵਿਚ ਤਬਦੀਲੀਆਂ ਕੀਤੀਆਂ ਜਾਣ। ਵਾਜਬ ਕਦਮ ਚੁੱਕਣ ਤੋਂ ਨਾਂਹ ਕਰਨਾ ਵਿਤਕਰੇ ਵਾਲਾ ਹੋ ਸਕਦਾ ਹੈ ਜੇ ਇਨ੍ਹਾਂ ਲੋੜਾਂ ਲਈ ਅਡਜਸਟ ਕਰਨ ਦਾ ਨਤੀਜਾ **ਨਾਜਾਇਜ਼ ਤੰਗੀ** ਵਿਚ ਨਾ ਨਿਕਲਦਾ ਹੋਵੇ।

**ਡਿਊਟੀ ਟੂ ਅਕੋਮੋਡੇਟ** ਕੰਮ-ਮਾਲਕ, ਲੈਂਡਲਾਰਡ ਜਾਂ ਉਸ ਵਿਅਕਤੀ ਦੀ ਜ਼ਿੰਮੇਵਾਰੀ ਹੈ ਜਿਹੜਾ ਪਬਲਿਕ ਨੂੰ ਸਰਵਿਸ ਦੇ ਰਿਹਾ ਹੈ।

## ✱ ਕੀ ਇਰਾਦਾ ਮਹੱਤਵ ਰੱਖਦਾ ਹੈ?

ਕਾਨੂੰਨ ਦੇ ਵਿਰੁੱਧ ਹੋਣ ਲਈ ਵਿਤਕਰੇ ਦਾ **ਜਾਣ-ਬੁੱਝ** ਕੇ ਕੀਤਾ ਜਾਣਾ ਜ਼ਰੂਰੀ ਨਹੀਂ ਹੈ। ਇਸ ਦਾ ਮਤਲਬ ਹੈ ਕਿ ਕਿਸੇ ਐਕਸ਼ਨ ਜਾਂ ਟਿੱਪਣੀ ਲਈ ਜ਼ਿੰਮੇਵਾਰ ਵਿਅਕਤੀ ਦਾ ਭਾਵੇਂ ਕੋਈ ਬੁਰਾ ਕਰਨ ਦਾ ਇਰਾਦਾ ਨਾ ਵੀ ਹੋਵੇ, ਕਾਨੂੰਨ ਮੁਤਾਬਕ ਇਹ ਫਿਰ ਵੀ ਵਿਤਕਰਾ ਹੈ।

## ✱ ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੇਰੀ ਮਨੁੱਖੀ ਹੱਕਾਂ ਦੀ ਸ਼ਿਕਾਇਤ ਬਣਦੀ ਹੈ?

*ਬੀ ਸੀ ਹਿਊਮਨ ਰਾਈਟਸ ਕੋਡ* ਹੇਠ ਸ਼ਿਕਾਇਤ ਕਰਨ ਲਈ, **ਅੱਗੇ ਲਿਖੇ ਸਾਰਿਆਂ** ਦਾ ਸੱਚ ਹੋਣਾ ਜ਼ਰੂਰੀ ਹੈ:

- ✔ ਤੁਹਾਡੇ ਨਾਲ ਬੁਰਾ ਵਰਤਾਉ ਕੀਤਾ ਗਿਆ ਹੈ ਜਾਂ ਤੁਹਾਨੂੰ ਕਿਸੇ ਫਾਇਦੇ ਤੋਂ ਨਾਂਹ ਕੀਤੀ ਗਈ ਹੈ।
- ✔ ਤੁਹਾਡੇ ਨਾਲ ਵਰਤਾਉ ਕਰਨ ਦੇ ਤਰੀਕੇ (ਮਾੜੀ ਤਰ੍ਹਾਂ ਦਾ ਵਰਤਾਅ ਜਾਂ ਕਿਸੇ ਫਾਇਦੇ ਤੋਂ ਨਾਂਹ) ਅਤੇ ਕੋਡ ਅਧੀਨ ਸੁਰੱਖਿਅਤ ਕਿਸੇ ਨਿੱਜੀ ਵਿਸ਼ੇਸ਼ਤਾ ਵਿਚਕਾਰ ਸੰਬੰਧ ਹੈ - ਜਿਵੇਂ ਕਿ ਤੁਹਾਡੀ ਨਸਲ, ਰੰਗ, ਧਾਰਮਿਕ ਅਕੀਦਾ, ਲਿੰਗ, ਮਾਨਸਿਕ ਜਾਂ ਸਰੀਰਕ ਅਪਾਹਜਤਾ, ਜਾਂ ਕਾਮੁਕ ਰੁਚੀ।
- ✔ ਇਹ ਵਰਤਾਉ ਅੱਗੇ ਦਿੱਤੀ ਕਿਸੇ ਹਾਲਤ ਵਿਚ ਹੋਇਆ ਹੈ ਜਿਵੇਂ ਕਿ ਕੰਮ 'ਤੇ, ਸਟੋਰ ਜਾਂ ਰੈਸਟੋਰੈਂਟ ਵਿਚ, ਜਾਂ ਲੈਂਡਲਾਰਡ ਅਤੇ ਕਿਰਾਏਦਾਰ ਵਿਚਕਾਰ।

ਤੁਹਾਡੇ ਲਈ ਆਪਣੀ ਸ਼ਿਕਾਇਤ ਘਟਨਾ ਦੇ ਵਾਪਰਨ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਕਰਨਾ ਜ਼ਰੂਰੀ ਹੈ। (ਨੋਟ: ਸਮੇਂ ਦੀ ਇਸ ਸੀਮਾ ਵਿਚ ਕੁਝ ਛੋਟਾਂ ਹਨ।) ਸ਼ਿਕਾਇਤ ਦਰਜ ਕਰਵਾਉਣ ਨਾਲ ਕਾਨੂੰਨੀ ਕਾਰਵਾਈ ਸ਼ੁਰੂ ਹੁੰਦੀ ਹੈ ਜਿਹੜੀ ਕਿ ਅਦਾਲਤ ਦੀ ਕਾਰਵਾਈ ਵਾਂਗ ਹੀ ਹੁੰਦੀ ਹੈ। ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਨੂੰ **ਸ਼ਿਕਾਇਤਕਰਤਾ (ਕਮਪਲੇਨੈਂਟ)** ਆਖਿਆ ਜਾਂਦਾ ਹੈ।

## ✱ ਵਿਤਕਰੇ ਅਤੇ ਪਰੇਸ਼ਨਾ ਕਰਨ ਨਾਲ ਸਿੱਝਣਾ

ਜੇ ਤੁਹਾਡੇ ਨਾਲ ਵਿਤਕਰਾ ਹੋ ਰਿਹਾ ਹੋਵੇ ਜਾਂ ਤੁਹਾਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੋਵੇ ਤਾਂ ਤੁਸੀਂ ਖਾਸ ਕਦਮ ਚੁੱਕ ਸਕਦੇ ਹੋ।

- ਜੇ ਇਹ ਕਰਨਾ ਸੁਰੱਖਿਅਤ ਹੋਵੇ ਤਾਂ ਉਸ ਵਿਅਕਤੀ ਨੂੰ ਦੱਸੋ ਕਿ ਉਸ ਦੇ ਐਕਸ਼ਨ ਜਾਂ ਟਿੱਪਣੀਆਂ ਨਾ ਪ੍ਰਵਾਨ ਕਰਨ ਯੋਗ ਹਨ ਅਤੇ ਉਹ ਇਨ੍ਹਾਂ ਨੂੰ ਬੰਦ ਕਰ ਦੇਵੇ।
- ਇਸ ਚੀਜ਼ ਦਾ ਲਿਖਤੀ ਰਿਕਾਰਡ ਰੱਖੋ ਕਿ ਕੀ ਹੋਇਆ ਹੈ ਅਤੇ ਕਦੋਂ ਹੋਇਆ ਹੈ, ਅਤੇ ਕੀ ਕਿਹਾ ਗਿਆ ਸੀ।
- ਜੇ ਵਿਤਕਰਾ ਜਾਂ ਪਰੇਸ਼ਾਨ ਕਰਨਾ ਕੰਮ 'ਤੇ, ਤੁਹਾਡੀ ਅਪਾਰਟਮੈਂਟ ਬਿਲਡਿੰਗ ਵਿਚ, ਜਾਂ ਕਿਸੇ ਸਟੋਰ ਜਾਂ ਰੈਸਟੋਰੈਂਟ ਵਿਚ ਹੋਇਆ ਹੈ ਤਾਂ ਆਪਣੇ ਕੰਮ-ਮਾਲਕ ਜਾਂ ਲੈਂਡਲਾਰਡ ਜਾਂ ਮੈਨੇਜਰ ਨੂੰ ਇਸ ਬਾਰੇ ਕੁਝ ਕਰਨ ਲਈ ਕਹੋ।
- ਕੰਮ 'ਤੇ ਜਾਂ ਸਕੂਲ ਵਿਚ ਸ਼ਿਕਾਇਤ ਦਰਜ ਕਰਵਾਉਣ ਲਈ ਸ਼ਿਕਾਇਤ ਦੇ ਅੰਦਰੂਨੀ ਤਰੀਕੇ ਵਰਤੋ। ਉਦਾਹਰਣ ਲਈ, ਜੇ ਵਿਤਕਰਾ ਜਾਂ ਪਰੇਸ਼ਾਨ ਕਰਨਾ ਕੰਮ 'ਤੇ ਹੁੰਦਾ ਹੈ ਅਤੇ ਤੁਸੀਂ ਯੂਨੀਅਨ ਵਿਚ ਹੋ ਤਾਂ ਯੂਨੀਅਨ ਦੇ ਆਪਣੇ ਨੁਮਾਇੰਦੇ ਤੋਂ ਮਦਦ ਮੰਗੋ।

## ✱ ਮੈਂ ਮਦਦ ਕਿੱਥੋਂ ਲੈ ਸਕਦਾ/ਸਕਦੀ ਹਾਂ?

**ਸ਼ਿਕਾਇਤਕਰਤਾ** ਸੂਬੇ ਭਰ ਵਿਚ ਕਿਤਿਉਂ ਵੀ **ਬੀ ਸੀ ਹਿਊਮਨ ਰਾਈਟਸ ਕਲੀਨਿਕ** ਰਾਹੀਂ ਜਾਣਕਾਰੀ ਲੈ ਸਕਦੇ ਹਨ। ਕਲੀਨਿਕ ਵਿਚਲੇ ਲੋਕ *ਹਿਊਮਨ ਰਾਈਟਸ ਕੋਡ* ਨੂੰ ਸਮਝਣ ਜਾਂ ਸੂਬਾਈ ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਸਿੱਝਣ ਵਿਚ ਮਦਦ ਕਰ ਸਕਦੇ ਹਨ। ਤੁਸੀਂ ਹੋਰ ਕਿਸਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਵੀ ਹੋ ਸਕਦੇ ਹੋ। ਇਹ ਪਤਾ ਲਾਉਣ ਲਈ ਕਲੀਨਿਕ ਵਿਖੇ ਕਿਸੇ ਨਾਲ ਗੱਲ ਕਰੋ ਕਿ ਕੀ ਤੁਸੀਂ ਯੋਗ ਹੋ।

### BC Human Rights Clinic

300-1140 West Pender Street, Vancouver, B.C. V6E 4G1
ਟੈਲੀਫੋਨ: 604 622-1100 ਦੂਰੋਂ ਮੁਫਤ: 1 855 685-6222
ਫੈਕਸ: 604 685-7611
ਔਨਲਾਈਨ: www.BCHRC.net

ਜੇ ਕਿਸੇ ਨੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਹੈ ਤਾਂ ਤੁਸੀਂ **ਉੱਤਰਦਾਤਾ (ਰਿਸਪੌਂਡੈਂਟ)** ਹੋ। **ਉੱਤਰਦਾਤਾ** ਸੂਬੇ ਵਿਚ ਕਿਤਿਉਂ ਵੀ ਅਤੇ ਵਿਕਟੋਰੀਆ ਏਰੀਏ ਦੇ **ਸ਼ਿਕਾਇਤਕਰਤਾ** ਇੱਥੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹਨ:

### University of Victoria

Law Centre Clinical Law Program
Suite 225 – 850 Burdett Avenue, Victoria, B.C. V8W 1B4
ਟੈਲੀਫੋਨ: 250 385-1221 ਦੂਰੋਂ ਮੁਫਤ: 1 866 385-1221
ਈ-ਮੇਲ: reception@thelawcentre.ca

ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਨੂੰ **ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ** ਕੋਲ ਭੇਜਿਆ ਜਾ ਸਕਦਾ ਹੈ।

### BC Human Rights Tribunal

Suite 1170 – 605 Robson Street, Vancouver, B.C. V6B 5J3
ਟੈਲੀਫੋਨ: 604 775-2000 ਦੂਰੋਂ ਮੁਫਤ: 1 888 440-8844
ਟੀ ਟੀ ਵਾਈ (ਬੋਲ਼ਿਆਂ ਲਈ): 604 775-2021
ਔਨਲਾਈਨ: www.bchrt.gov.bc.ca

*ਇਸ ਜਾਣਕਾਰੀ ਸ਼ੀਟ ਦਾ ਮੰਤਵ ਸਿਰਫ ਆਮ ਜਾਣਕਾਰੀ ਦੇਣਾ ਹੈ। ਇਸ ਦਾ ਮੰਤਵ ਕਾਨੂੰਨੀ ਸਲਾਹ ਦੇਣਾ ਜਾਂ ਕਾਨੂੰਨੀ ਸਲਾਹ ਦਾ ਬਦਲ ਬਣਨਾ ਨਹੀਂ ਹੈ।*